# ਚਣਕਾਰ ਰਜਿਸਟਰੇਸ਼ਨ ਅਫਸਰ, 092-ਬਠਿੰਡਾ (ਸ਼ਹਿਰੀ) -ਕਮ- ਉਪ ਮੰਡਲ ਮੈਜਿਸਟਰੇਟ, ਬਠਿੰਡਾ

**(Room No. 316, 2nd Floor, Mini Secretariat, Bathinda) E-Mail ID :- ero-92@punjab.gov.in**

ਪੱਤਰ ਨੰ: 614-615/ਚੋਣਾਂ 2025 ਮਿਤੀ 19/09/2025

ਵੱਲ

01. ਸਮੂਹ ਸੈਕਟਰ ਅਫਸਰ,
    092 ਬਠਿੰਡਾ (ਸ਼ਹਿਰੀ) ਵਿਧਾਨ ਸਭਾ ਹਲਕਾ।
02. ਸਮੂਹ ਬੀ.ਐਲ.ਓਜ਼,
    092 ਬਠਿੰਡਾ (ਸ਼ਹਿਰੀ) ਵਿਧਾਨ ਸਭਾ ਹਲਕਾ।

ਵਿਸ਼ਾ :- Special Intensive Revision (SIR) W.R.T 01-01-2026 regarding.

ਹਵਾਲਾ:- ਮਾਨਯੋਗ ਜ਼ਿਲ੍ਹਾ ਚੋਣ ਅਫਸਰ, ਬਠਿੰਡਾ ਜੀ ਦੇ ਦਫਤਰ ਦੇ ਪੱ:ਨੰ:ਚੋਣ-2025/1730-35 ਮਿਤੀ:15-09-2025 ਦੇ ਸਬੰਧੀ।

ਉਪਰੋਕਤ ਵਿਸ਼ੇ ਤੇ ਹਵਾਲਾ ਅਧੀਨ ਪੱਤਰ ਰਾਹੀਂ ਜ਼ਿਲ੍ਹਾ ਚੋਣ ਅਫਸਰ, ਬਠਿੰਡਾ ਜੀ ਵਲੋਂ ਪ੍ਰਾਪਤ ਹੋਈਆਂ ਹਦਾਇਤਾਂ ਦੀ ਕਾਪੀ ਆਪ ਨੂੰ ਇੰਨ-ਬਿੰਨ ਪਾਲਣਾ ਹਿੱਤ ਭੇਜੀ ਗਈ ਸੀ। ਵਿਸ਼ੇ ਸਬੰਧੀ ਵੋਟਰ ਸੂਚੀ 2003 ਅਤੇ ਵੋਟਰ ਸੂਚੀ 2025 ਦੇ ਡਾਟਾ ਮੈਪਿੰਗ ਦਾ ਕੰਮ ਚੱਲ ਰਿਹਾ ਹੈ, ਜਿਸਦੀ ਇਸ ਚੋਣ ਹਲਕੇ ਦੀ ਪ੍ਰੋਗਰੈਸ 15 ਪ੍ਰਤੀਸ਼ਤ ਹੋਣ ਕਰਕੇ ਮਾਨਯੋਗ ਮੁੱਖ ਚੋਣ ਅਫਸਰ, ਪੰਜਾਬ ਜੀ ਵਲੋਂ ਨਿਮਨ-ਹਸਤਾਖਰ ਨਾਲ ਅੱਜ ਵੀਡੀਓ ਕਾਨਫਰੰਸ ਰਾਹੀਂ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ ਉਨ੍ਹਾਂ ਵਲੋਂ ਪ੍ਰਾਪਤ ਦਿਸ਼ਾ-ਨਿਰਦੇਸ਼ਾਂ ਅਨੁਸਾਰ ਆਪ ਨੂੰ ਲਿਖਿਆ ਜਾਂਦਾ ਹੈ ਕਿ ਵਿਧਾਨ ਸਭਾ ਹਲਕਾ 092 ਬਠਿੰਡਾ (ਸ਼ਹਿਰੀ) ਦਾ ਬਹੁਤ ਸਾਰਾ ਖੇਤਰ ਵਿਕਸਿਤ ਹੋ ਚੁੱਕਾ ਹੈ ਅਤੇ ਬਹੁਤ ਸਾਰੇ ਵੋਟਰ ਸ਼ਹਿਰ ਦੇ ਅੰਦਰ ਅੰਦਰ ਹੀ ਇੱਕ ਥਾਂ ਤੋਂ ਦੂਜੀ ਥਾਂ ਤੇ ਸ਼ਿਫਟ ਹੋ ਚੁੱਕੇ ਹਨ। ਇਸ ਤਰ੍ਹਾਂ ਜੇਕਰ ਬੀ.ਐਲ.ਓਜ਼ ਵਲੋਂ ਆਪਣੇ ਅਧੀਨ ਆਉਂਦੇ ਵੋਟਰਾਂ ਨਾਲ ਤਾਲਮੇਲ ਕਰਕੇ ਉਨ੍ਹਾਂ ਦੀਆਂ ਪੁਰਾਣੀਆਂ 2003 ਦੀਆਂ ਵੋਟਾਂ ਬਾਰੇ ਪੁੱਛਿਆ ਜਾਵੇਗਾ ਤਾਂ ਵੋਟਾਂ ਲੱਭਣ ਵਿੱਚ ਅਸਾਨੀ ਹੋਵੇਗੀ ਅਤੇ ਜਿਆਦਾ ਵੋਟਾਂ ਮੈਚ ਹੋ ਜਾਣਗੀਆਂ।

ਇਸ ਲਈ ਵਿਧਾਨ ਸਭਾ ਹਲਕਾ 092 ਬਠਿੰਡਾ (ਸ਼ਹਿਰੀ) ਅਧੀਨ ਕੰਮ ਕਰਦੇ ਸਮੂਹ ਬੀ.ਐਲ.ਓਜ਼. ਮਿਤੀ:20-09-2025 ਤੋਂ 22-09-2025 ਤੱਕ ਆਪਣੇ ਆਪਣੇ ਬੂਥਾਂ ਅਧੀਨ ਆਉਂਦੇ ਏਰੀਏ ਵਿੱਚ ਜਾਣਗੇ ਅਤੇ ਵੋਟਰਾਂ ਨਾਲ ਤਾਲਮੇਲ ਕਰਕੇ ਉਨ੍ਹਾਂ ਦੀਆਂ 2003 ਦੀਆਂ ਵੋਟਾਂ ਸਾਲ 2025 ਦੀ ਸੂਚੀ ਨਾਲ ਮੈਚਿੰਗ ਦਾ ਕੰਮ ਕਰਨਗੇ।

ਸਮੂਹ ਸੈਕਟਰ ਅਫਸਰ ਆਪਣੇ ਅਧੀਨ ਆਉਂਦੇ ਬੀ.ਐਲ.ਓਜ਼ ਦੇ ਕੰਮ ਦੀ ਪ੍ਰੋਗਰੈਸ ਲਈ ਜਿੰਮੇਵਾਰ ਹੋਣਗੇ ਅਤੇ ਰੋਜ਼ਾਨਾ ਪ੍ਰਗਤੀ ਰਿਪੋਰਟ ਇਸ ਦਫਤਰ ਨੂੰ ਭੇਜਣੀ ਯਕੀਨੀ ਬਣਾਉਣਗੇ।

ਇਸ ਨੂੰ ਅਤਿ ਜ਼ਰੂਰੀ ਸਮਝਿਆ ਜਾਵੇ।

ਚੋਣਕਾਰ ਰਜਿਸਟਰੇਸ਼ਨ ਅਫਸਰ,
-ਕਮ-ਉਪ ਮੰਡਲ ਮੈਜਿਸਟਰੇਟ,
ਬਠਿੰਡਾ।

ਪਿੱਠ ਅੰਕਣ ਨੰ: 616-619/ਚੋਣਾਂ ਮਿਤੀ: 19/09/2025

ਉਪਰੋਕਤ ਦਾ ਉਤਾਰਾ:-

01 ਮਾਨਯੋਗ ਜ਼ਿਲ੍ਹਾ ਚੋਣ ਅਫ਼ਸਰ, ਬਠਿੰਡਾ ਜੀ ਨੂੰ ਸੂਚਨਾਂ ਹਿੱਤ।
02 ਸਮੂਹ ਵਿਭਾਗਾਂ ਦੇ ਮੁਖੀ
03 ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ, ਬਠਿੰਡਾ,
04 ਜ਼ਿਲ੍ਹਾ ਸਿੱਖਿਆ ਅਫਸਰ ਪ੍ਰਾਇਮਰੀ, ਬਠਿੰਡਾ ਬਠਿੰਡਾ

ਪਾਸ ਭੇਜ ਕੇ ਲਿਖਿਆ ਜਾਂਦਾ ਹੈ ਕਿ ਇਸ ਚੋਣ ਹਲਕੇ ਅਧੀਨ ਕੰਮ ਕਰਦੇ ਆਪਣੇ ਵਿਭਾਗ ਦੇ ਕਰਮਚਾਰੀਆਂ ਨੂੰ ਬੀ.ਐਲ.ਓ ਡਿਊਟੀ ਲਈ ਮਿਤੀ:20-09-2025 ਤੋਂ 22-09-2025 ਤੱਕ ਫਾਰਗ ਕੀਤਾ ਜਾਵੇ।

ਚੋਣਕਾਰ ਰਜਿਸਟਰੇਸ਼ਨ ਅਫਸਰ,
-ਕਮ-ਉਪ ਮੰਡਲ ਮੈਜਿਸਟਰੇਟ,
ਬਠਿੰਡਾ।

Scanned with OKEN Scanner

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ ਸਿ) ਫਰੀਦਕੋਟ

ਸ਼ਿਕਾਇਤ ਨੰ: ਸੀ-1(1) 2025 ਮਿਤੀ 19/09/2025

ਸ਼ਿਕਾਇਤ ਦਾ ਉਤਾਰਾ (ਪੰਨਾ ਨੰ-1) ਸਬੰਧਤ ਸਕੂਲ ਮੁੱਖੀ/ਸਾ. ਸਿੱਖਿਆ ਫਰੀਦਕੋਟ ਨੂੰ ਪਿਛਲ ਪੱਤਰ ਪਾਲਣਾ ਹਿੱਤ ਭੇਜਿਆ ਜਾਂਦਾ ਹੈ।

19/9/25
ਜ਼ਿਲ੍ਹਾ ਸਿੱਖਿਆ ਅਫਸਰ (ਸੈ/ਸਿ)
ਫਰੀਦਕੋਟ.